# ਵੀਜ਼ਾ ਸ਼ਰਤਾਂ ਨੂੰ ਸਮਝਣਾ

ਪੰਜਾਬੀ

## ? ਮਦਦ ਦੀ ਲੋੜ ਹੈ?

ਆਪਣੇ ਵੀਜ਼ਾ ਸ਼ਰਤਾਂ ਦੀ ਜਾਂਚ ਕਰਨ ਲਈ ਕਿਸੇ ਯੂਨੀਅਨ, ਕਮਿਊਨਿਟੀ ਲੀਗਲ ਸੈਂਟਰ, ਜਾਂ ਪ੍ਰਵਾਸੀ ਸਹਾਇਤਾ ਸੇਵਾ ਨੂੰ ਪੁੱਛੋ।

## ਉਪਯੋਗੀ ਲਿੰਕ

**VEVO ਪੋਰਟਲ:**
online.immi.gov.au/vevo

**ਖੇਤਰੀ ਪੋਸਟਕੋਡ ਸੂਚੀ:**
immi.homeaffairs.gov.au/regional-postcodes

**ਹੋਮ ਅਫ਼ੇਅਰਸ ਵੀਜ਼ਾ ਸ਼ਰਤਾਂ ਬਾਰੇ ਜਾਣਕਾਰੀ:**
homeaffairs.gov.au

SA UNIONS

**SAUNIONS.ORG.AU**
**(08) 8279 2222**

This material was developed with funding from the Australian Government.

**ਰੁਜ਼ਗਾਰਦਾਤੇ ਅਤੇ ਸੰਗਠਨ** ImmiAccount ਰਾਹੀਂ VEVO ਨਾਲ ਰਜਿਸਟਰ ਕਰਕੇ ਵੀਜ਼ਾ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।



SA UNIONS

# VEVO (ਵੀਵੋ) ਕੀ ਹੈ?

ਅਸਥਾਈ ਵੀਜ਼ਾ ਧਾਰਕਾਂ ਨੂੰ ਅਕਸਰ ਗੁੰਝਲਦਾਰ ਅਤੇ ਪਾਬੰਦੀਆਂ ਵਾਲੀਆਂ ਸ਼ਰਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਆਸਟ੍ਰੇਲੀਆ ਵਿੱਚ ਕੰਮ ਕਰਨ, ਪੜ੍ਹਾਈ ਕਰਨ ਅਤੇ ਰਹਿਣ ਦੀ ਉਨ੍ਹਾਂ ਦੀ ਯੋਗਤਾ ਨੂੰ ਪ੍ਰਭਾਵਤ ਕਰਦੀਆਂ ਹਨ। ਇਹਨਾਂ ਸ਼ਰਤਾਂ ਦੀ ਉਲੰਘਣਾ, ਭਾਵੇਂ ਅਣਜਾਣੇ ਵਿੱਚ ਹੀ ਕਿਉਂ ਨਾ ਹੋ ਜਾਵੇ, ਵੀਜ਼ਾ ਰੱਦ ਹੋਣ ਜਾਂ ਭਵਿੱਖ ਵਿੱਚ ਵੀਜ਼ਾ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

VEVO (ਵੀਜ਼ਾ ਇੰਟਾਈਟਲਮੈਂਟ ਵੈਰੀਫਿਕੇਸ਼ਨ ਆਨਲਾਈਨ) ਗ੍ਰਹਿ ਵਿਭਾਗ ਵੱਲੋਂ ਇੱਕ ਮੁਫ਼ਤ ਸੇਵਾ ਹੈ।

ਇਹ ਤੁਹਾਨੂੰ ਕੰਮ ਕਰਨ ਦੇ ਤੁਹਾਡੇ ਅਧਿਕਾਰਾਂ ਸਮੇਤ, ਤੁਹਾਡੀ ਵੀਜ਼ਾ ਸਥਿਤੀ ਅਤੇ ਸ਼ਰਤਾਂ ਦੀ ਜਾਂਚ ਕਰਨ ਵਿੱਚ ਮਦਦ ਕਰਦਾ ਹੈ, ਕਦੀ ਵੀ, ਕਿਤੇ ਵੀ।

## VEVO ਦੀ ਵਰਤੋਂ ਕਿਉਂ ਕਰੀਏ?

- ਆਪਣੇ ਕੰਮ ਕਰਨ ਦੇ ਅਧਿਕਾਰਾਂ ਬਾਰੇ ਜਾਣੋ
- ਵੀਜ਼ਾ ਦੀ ਉਲੰਘਣਾ ਕਰਨ ਤੋਂ ਬਚਣ ਵਿੱਚ
- ਭਰੋਸੇਯੋਗ ਸੰਸਥਾਵਾਂ ਨਾਲ ਆਪਣੀ ਵੀਜ਼ਾ ਸਥਿਤੀ ਸਾਂਝੀ ਕਰੋ

## ਤੁਹਾਨੂੰ ਲੋੜ ਪਵੇਗੀ:

- ਤੁਹਾਡੇ ਤੋਂ ਵੇਰਵੇ **ਪਾਸਪੋਰਟ, ਇਮੀਕਾਰਡ,** ਜਾਂ ਯਾਤਰਾ ਦਸਤਾਵੇਜ਼ ਦੀ
- ਤੁਹਾਡੀ ਵੀਜ਼ਾ ਗ੍ਰਾਂਟ ਤੋਂ ਇਨ੍ਹਾਂ ਪਛਾਣਕਾਰਕਾਂ ਵਿੱਚੋਂ ਇੱਕ:

1. ਵੀਜ਼ਾ ਗ੍ਰਾਂਟ ਨੰਬਰ
2. ਕਲਾਇੰਟ ਆਈਡੀ
3. ਟ੍ਰਾਂਜ਼ੈਕਸ਼ਨ ਰੈਫਰੈਂਸ ਨੰਬਰ

### ਵਿਦਿਆਰਥੀ ਵੀਜ਼ਾ
**(ਸਬਕਲਾਸ 500)**

**ਸ਼ਰਤਾਂ:**
**8105, 8202, 8533**

**ਮੁੱਖ ਬੰਦਸ਼ਾਂ:**
- ਪੜ੍ਹਾਈ ਦੌਰਾਨ ਵੱਧ ਤੋਂ ਵੱਧ 48 ਘੰਟੇ/ਪੰਦਰਵਾੜੇ ਕੰਮ ਦੀ ਇਜਾਜ਼ਤ (ਮਾਸਟਰ/ਡਾਕਟੋਰਲ ਵਿਦਿਆਰਥੀ ਨੂੰ ਛੱਡ ਕੇ)
- ਪੂਰੇ ਸਮੇਂ ਭਰਤੀ (ਇਨਰੋਲਮੈਂਟ) ਨੂੰ ਬਣਾਈ ਰੱਖਣਾ ਜ਼ਰੂਰੀ ਹੈ
- ਸਿੱਖਿਆ ਪ੍ਰਦਾਤਾ ਨੂੰ 7 ਦਿਨਾਂ ਦੇ ਅੰਦਰ ਪਤੇ ਵਿੱਚ ਹੋਈ ਤਬਦੀਲੀ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ

### ਵਿਦਿਆਰਥੀ ਵੀਜ਼ਾ ਧਾਰਕ ਦਾ ਪਰਿਵਾਰ

**ਸ਼ਰਤਾਂ:**
**8104**

**ਮੁੱਖ ਬੰਦਸ਼ਾਂ:**
- ਵਿਦਿਆਰਥੀ ਕੋਰਸ ਸ਼ੁਰੂ ਕਰੇ ਉਸ ਤੋਂ ਪਹਿਲਾਂ ਕੰਮ ਨਹੀਂ ਕਰ ਸਕਦਾ
- ਵੱਧ ਤੋਂ ਵੱਧ 48 ਘੰਟੇ/ਪੰਦਰਵਾੜੇ ਕੰਮ (48 hours per fortnight) (ਮਾਸਟਰ/ਡਾਕਟੋਰਲ ਵਿਦਿਆਰਥੀ ਨੂੰ ਛੱਡ ਕੇ)

### PALM ਸਕੀਮ ਵਰਕਰ

**ਸ਼ਰਤਾਂ:**
**8611**

**ਮੁੱਖ ਬੰਦਸ਼ਾਂ:**
- ਸਿਰਫ਼ PALM ਸਪਾਂਸਰ ਜਾਂ ਸਮਰਥਿਤ (ਏਨਡੋਰਸਡ) ਸਪਾਂਸਰ ਲਈ ਕੰਮ ਕਰ ਸਕਦਾ ਹੈ
- ਆਪਣਾ ਖੁਦ ਦਾ ਕੰਮ ਨਹੀਂ ਕਰ ਸਕਦੇ

### Skills in Demand Visa
**(ਵਧੀ ਹੋਈ ਮੰਗ ਵਾਲਾ ਵੀਜ਼ਾ)**
**(ਸਬਕਲਾਸ 482)**

**ਸ਼ਰਤਾਂ:**
**8107**

**ਮੁੱਖ ਬੰਦਸ਼ਾਂ:**
- ਸਪਾਂਸਰ ਲਈ ਕੰਮ ਕਰਨਾ ਬੰਦ ਨਹੀਂ ਕਰ ਸਕਦਾ, ਕਿੱਤਾ ਬਦਲ ਨਹੀਂ ਸਕਦਾ, ਜਾਂ ਆਪਣਾ ਖੁਦ ਦਾ ਕੰਮ ਨਹੀਂ ਕਰ ਸਕਦਾ:
  - 180 ਲਗਾਤਾਰ ਦਿਨ
  - ਕੁੱਲ 365 ਦਿਨ

### ਵਰਕਿੰਗ ਹੋਲੀਡੇ ਮੇਕਰ
**(ਸਬਕਲਾਸ 417 ਅਤੇ 462)**

**ਸ਼ਰਤਾਂ:**
**8547, 8548**

**ਮੁੱਖ ਬੰਦਸ਼ਾਂ:**
- ਇੱਕ ਨਿਯੁਕਤਾ ਨਾਲ ਵੱਧ ਤੋਂ ਵੱਧ 6 ਮਹੀਨੇ

### Skilled Regional Visa (ਹੁਨਰਮੰਦ ਖੇਤਰੀ ਵੀਜ਼ਾ)
**(ਸਬਕਲਾਸ 491)**

**ਸ਼ਰਤਾਂ:**
**8539, 8578, 8579**

**ਮੁੱਖ ਬੰਦਸ਼ਾਂ:**
- ਨਿਰਧਾਰਤ ਖੇਤਰੀ ਇਲਾਕਿਆਂ ਵਿੱਚ ਰਹਿਣਾ/ਕੰਮ ਕਰਨਾ/ਪੜ੍ਹਨਾ ਜ਼ਰੂਰੀ ਹੈ
- ਸੰਪਰਕ ਵੇਰਵਿਆਂ/ਰੁਜ਼ਗਾਰ ਦੇ ਵੇਰਵਿਆਂ ਵਿੱਚ ਤਬਦੀਲੀਆਂ ਬਾਰੇ ਗ੍ਰਹਿ ਮਾਮਲਿਆਂ ਵਿਭਾਗ (Home Affairs) ਨੂੰ 14 ਦਿਨਾਂ ਦੇ ਅੰਦਰ ਸੂਚਿਤ ਕਰਨਾ ਲਾਜ਼ਮੀ ਹੈ

### ਵਿਜ਼ਟਰ ਵੀਜ਼ਾ
**(ਸਬਕਲਾਸ 600)**

**ਸ਼ਰਤਾਂ:**
**8503, 8531, 8609**

**ਮੁੱਖ ਬੰਦਸ਼ਾਂ :**
- ਇੱਕ ਵਾਰ ਦਾਖਲ ਹੋਣ ਤੋਂ ਬਾਅਦ ਹੋਰ ਵੀਜ਼ਾ ਨਹੀਂ (no further visa) (8503)

### ਕੰਮ ਨਹੀਂ ਕਰ ਸਕਦੇ ਵਾਲੀ ਸ਼ਰਤ

**ਸ਼ਰਤਾਂ:**
**8101**

ਸ਼ਰਤ 8101 ਇੱਕ ਸਖ਼ਤ 'ਕੰਮ ਨਹੀਂ ਕਰ ਸਕਦੇ' ਨਿਯਮ ਹੈ ਜੋ ਕੁਝ ਖਾਸ ਵੀਜ਼ਿਆਂ 'ਤੇ ਰਹਿ ਰਹੇ ਵੀਜ਼ਾ ਧਾਰਕਾਂ ਨੂੰ ਕੋਈ ਵੀ ਅਜਿਹੀ ਗਤੀਵਿਧੀ ਕਰਨ ਤੋਂ ਰੋਕਦਾ ਹੈ ਜਿਸਦੇ ਬਦਲੇ ਆਮ ਤੌਰ 'ਤੇ ਭੁਗਤਾਨ ਕੀਤਾ ਜਾਂਦਾ ਹੈ, ਭਾਵੇਂ ਭੁਗਤਾਨ ਨਾ ਵੀ ਕੀਤਾ ਗਿਆ ਹੋਵੇ। ਇਹ ਦੇਖਣ ਲਈ ਕਿ ਕੀ ਇਹ ਤੁਹਾਡੇ 'ਤੇ ਲਾਗੂ ਹੁੰਦੀ ਹੈ, VEVO ਦੇਖੋ।